॥ ਅਧਿਆਇ-12 ॥

ਕਾਕਾ ਮਹਾਜਨੀ, ਧੁਮਾਲ ਵਕੀਲ, ਸ੍ਰੀਮਤੀ ਨਿਮੋਣਕਰ, ਨਾਸਿਕ ਦੇ ਮੁਲੇ ਸ਼ਾਸ਼ਤਰੀ, ਇਕ ਡਾਕਟਰ ਨੂੰ ਬਾਬਾ ਦੀਆਂ ਲੀਲ੍ਹਾਵਾਂ ਦਾ ਅਨੁਭਵ।

ਇਸ ਅਧਿਆਇ ਵਿਚ ਬਾਬਾ ਕਿਸ ਤਰ੍ਹਾਂ ਭਗਤਾਂ ਨਾਲ ਮੁਲਾਕਾਤ ਕਰਦੇ ਅਤੇ ਕਿਸ ਤਰ੍ਹਾਂ ਦਾ ਵਰਤਾਉ ਕਰਦੇ ਸੀ, ਇਸ ਦਾ ਵਰਨਣ ਕੀਤਾ ਗਿਆ ਹੈ।

ਸੰਤਾਂ ਦਾ ਕਾਰਜ

ਅਸੀਂ ਦੇਖ ਚੁੱਕੇ ਹਾਂ ਕਿ ਈਸ਼ਵਰ ਦੇ ਅਵਤਾਰ ਦਾ ਮਨੋਰਥ ਸਾਧੂਆਂ ਦੀ ਰੱਖਿਆ ਅਤੇ ਦੁਰਾਚਾਰੀਆਂ ਦਾ ਨਾਸ਼ ਕਰਨਾ ਹੈ। ਪਰ ਸੰਤਾਂ ਦਾ ਕੰਮ ਤਾਂ ਬਿਲਕੁਲ ਅਲੱਗ ਹੀ ਹੈ। ਸੰਤਾਂ ਦੇ ਲਈ ਸਾਧੂ ਅਤੇ ਦੁਰਾਚਾਰੀ ਇਕ ਬਰਾਬਰ ਹਨ। ਅਸਲ ਵਿਚ ਉਨ੍ਹਾਂ ਨੂੰ ਦੁਰਾਚਾਰ ਕਰਨ ਵਾਲਿਆਂ ਦਾ ਪਹਿਲਾਂ ਫ਼ਿਕਰ ਹੁੰਦਾ ਹੈ ਅਤੇ ਉਹ ਉਨ੍ਹਾਂ ਨੂੰ ਠੀਕ ਰਾਹ ਉਪਰ ਲਗਾ ਦਿੰਦੇ ਹਨ। ਉਹ ਭਵਸਾਗਰ ਦੀਆਂ ਤਕਲੀਫਾਂ ਦੂਰ ਕਰਨ ਲਈ ਅਗਸਤਯ ਦੇ ਵਾਂਗ ਹਨ ਅਤੇ ਅਗਿਆਨਤਾ ਅਤੇ ਹਨੇਰੇ ਦਾ ਨਾਸ਼ ਕਰਨ ਲਈ ਸੂਰਜ ਵਾਂਗ ਹਨ। ਸੰਤਾਂ ਦੇ ਦਿਲ ਵਿਚ ਭਗਵਾਨ ਵਾਸੂਦੇਵ ਵੱਸਦੇ ਹਨ। ਉਹ ਉਨ੍ਹਾਂ ਤੋਂ ਵੱਖਰੇ ਨਹੀਂ ਹਨ। ਸ੍ਰੀ ਸਾਈਂ ਵੀ ਉਸ ਸ਼੍ਰੇਣੀ ਵਿਚੋਂ ਹਨ, ਜਿਨ੍ਹਾਂ ਨੇ ਭਗਤਾਂ ਦੇ ਕਲਿਆਣ ਲਈ ਹੀ ਅਵਤਾਰ ਲਿਆ ਸੀ। ਉਹ ਗਿਆਨ-ਜੋਤੀ ਸਰੂਪ ਸਨ ਅਤੇ ਉਨ੍ਹਾਂ ਦਾ ਦੈਵੀ ਪ੍ਰਕਾਸ਼ ਨਿਰਾਲਾ ਸੀ। ਉਨ੍ਹਾਂ ਨੂੰ ਸਾਰੇ ਪ੍ਰਾਣੀਆਂ ਨਾਲ ਇਕੋ ਜਿਹਾ ਪਿਆਰ ਸੀ। ਉਹ ਕਾਮਨਾ-ਰਹਿਤ ਸਨ। ਉਨ੍ਹਾਂ ਦੀ ਨਜ਼ਰ ਵਿਚ ਦੁਸ਼ਮਣ, ਦੋਸਤ, ਰਾਜਾ ਅਤੇ ਭਿਖਾਰੀ ਸਾਰੇ ਇਕ ਬਰਾਬਰ ਸਨ। ਪਾਠਕੋ, ਹੁਣ ਕ੍ਰਿਪਾ ਕਰਕੇ ਉਨ੍ਹਾਂ ਦਾ ਯਸ਼ ਸਰਵਣ ਕਰੋ। ਭਗਤਾਂ ਲਈ ਉਨ੍ਹਾਂ ਨੇ ਆਪਣਾ ਦੈਵੀ ਗੁਣਾਂ ਦਾ ਖ਼ਜ਼ਾਨਾ ਪੂਰੀ ਤਰ੍ਹਾਂ ਵਰਤਿਆ ਅਤੇ ਹਮੇਸ਼ਾਂ ਉਨ੍ਹਾਂ ਦੀ ਮਦਦ ਲਈ ਤਿਆਰ ਰਹਿੰਦੇ ਸਨ। ਉਨ੍ਹਾਂ ਦੀ ਮਰਜ਼ੀ ਤੋਂ ਬਗ਼ੈਰ ਕੋਈ ਭਗਤ ਉਨ੍ਹਾਂ ਦੇ ਕੋਲ ਪਹੁੰਚ ਹੀ ਨਹੀਂ ਸਕਦਾ ਸੀ। ਜੇ ਉਨ੍ਹਾਂ ਦੇ ਸ਼ੁਭ ਕਰਮ ਜਾਗੇ ਨਹੀਂ ਹੋਏ ਤਾਂ ਉਨ੍ਹਾਂ ਨੂੰ ਬਾਬਾ ਦੀ ਯਾਦ ਕਦੀ ਵੀ ਨਹੀਂ ਆਈ ਅਤੇ ਨਾ ਹੀ ਉਨ੍ਹਾਂ ਦੀਆਂ ਲੀਲ੍ਹਾਵਾਂ ਉਨ੍ਹਾਂ ਦੇ ਕੰਨਾਂ ਤਕ ਪਹੁੰਚ ਸਕੀਆਂ। ਤਾਂ ਫੇਰ ਬਾਬਾ ਦੇ ਦਰਸ਼ਨਾਂ ਦਾ ਖ਼ਿਆਲ ਵੀ ਉਨ੍ਹਾਂ ਨੂੰ ਕਿਵੇਂ ਆ ਸਕਦਾ ਸੀ ? ਅਨੇਕਾਂ ਆਦਮੀਆਂ ਦੀ ਸ੍ਰੀ ਸਾਈਂ ਬਾਬਾ ਦੇ ਦਰਸ਼ਨ ਕਰਨ ਦੀ ਇੱਛਾ ਹੁੰਦੇ ਹੋਏ ਵੀ ਉਨ੍ਹਾਂ ਨੂੰ ਬਾਬਾ ਦੇ ਮਹਾਂ-ਸਮਾਧੀ ਲੈਣ ਤਕ ਕੋਈ ਯੋਗ ਮੌਕਾ ਨਹੀਂ ਮਿਲ ਸਕਿਆ।

ਇਹੋ ਜਿਹੇ ਆਦਮੀ ਜਿਹੜੇ ਬਾਬਾ ਦੇ ਦਰਸ਼ਨਾਂ ਤੋਂ ਵਾਂਝੇ ਰਹੇ ਹਨ, ਜੇ ਉਹ ਸ਼ਰਧਾ ਨਾਲ ਸਾਈਂ ਲੀਲ੍ਹਾਵਾਂ ਦਾ ਸਰਵਣ ਕਰਨਗੇ ਤਾਂ ਉਨ੍ਹਾਂ ਦੀ ਸਾਈਂ-ਦਰਸ਼ਨਾਂ ਦੀ ਇੱਛਾ ਬਹੁਤ ਹੱਦ ਤਕ ਤ੍ਰਿਪਤ ਹੋ ਜਾਏਗੀ। ਚੰਗੀ ਕਿਸਮਤ ਨਾਲ ਜੇ ਕਿਸੇ ਤਰ੍ਹਾਂ ਬਾਬਾ ਦੇ ਦਰਸ਼ਨ ਹੋ ਗਏ ਤਾਂ ਉਹ ਉਥੇ ਜ਼ਿਆਦਾ ਦੇਰ ਠਹਿਰ ਨਹੀਂ ਸਕਿਆ। ਮਰਜ਼ੀ ਹੁੰਦੇ ਹੋਏ ਵੀ ਸਿਰਫ਼ ਬਾਬਾ ਦੀ ਆਗਿਆ ਤਕ ਹੀ ਉਥੇ ਰੁਕਣਾ ਸੰਭਵ ਸੀ ਅਤੇ ਆਗਿਆ ਮਿਲਦੇ

ਹੀ ਥਾਂ ਛੱਡਣੀ ਜ਼ਰੂਰੀ ਹੋ ਜਾਂਦੀ ਸੀ। ਇਸ ਲਈ ਇਹ ਸਾਰਾ ਬਾਬਾ ਦੀ ਸ਼ੁਭ ਇੱਛਾ ਉਤੇ ਹੀ ਨਿਰਭਰ ਕਰਦਾ ਸੀ।

ਕਾਕਾ ਮਹਾਜਨੀ

ਇਕ ਵਾਰੀ ਕਾਕਾ ਮਹਾਜਨੀ ਬੰਬਈ ਤੋਂ ਸ਼ਿਰਡੀ ਪਹੁੰਚੇ। ਉਨ੍ਹਾਂ ਦਾ ਖ਼ਿਆਲ ਇਕ ਹਫ਼ਤਾ ਠਹਿਰਣ ਅਤੇ ਗੋਕੁਲ ਅਸ਼ਟਮੀ ਉਤਸਵ ਵਿਚ ਸ਼ਾਮਿਲ ਹੋਣ ਦਾ ਸੀ। ਦਰਸ਼ਨ ਕਰਨ ਤੋਂ ਬਾਅਦ ਬਾਬਾ ਨੇ ਉਨ੍ਹਾਂ ਨੂੰ ਪੁੱਛਿਆ, "ਤੁਸੀਂ ਕਦੋਂ ਵਾਪਸ ਜਾਉਗੇ।" ਉਨ੍ਹਾਂ ਨੂੰ ਬਾਬਾ ਦੇ ਇਸ ਸੁਆਲ 'ਤੇ ਹੈਰਾਨੀ ਜਿਹੀ ਹੋਈ। ਜਵਾਬ ਦੇਣਾ ਤਾਂ ਜ਼ਰੂਰੀ ਹੀ ਸੀ, ਇਸ ਲਈ ਉਨ੍ਹਾਂ ਨੇ ਕਿਹਾ, "ਜਦੋਂ ਬਾਬਾ ਆਗਿਆ ਦੇਣ।" ਬਾਬਾ ਨੇ ਅਗਲੇ ਦਿਨ ਵਾਪਸ ਜਾਣ ਲਈ ਕਿਹਾ। ਬਾਬਾ ਦੇ ਸ਼ਬਦ ਤਾਂ ਕਨੂੰਨ ਸੀ, ਜਿਨ੍ਹਾਂ ਦਾ ਪਾਲਣ ਕਰਨਾ ਬਹੁਤ ਜ਼ਰੂਰੀ ਸੀ। ਕਾਕਾ ਮਹਾਜਨੀ ਉਸੇ ਵੇਲੇ ਰਵਾਨਾ ਹੋ ਗਏ। ਜਦੋਂ ਉਹ ਬੰਬਈ ਵਿਚ ਆਪਣੇ ਦਫ਼ਤਰ ਪੁੱਜੇ ਤਾਂ ਉਨ੍ਹਾਂ ਨੇ ਆਪਣੇ ਸੇਠ ਨੂੰ ਬੜੀ ਬੇਚੈਨੀ ਨਾਲ ਉਡੀਕਦੇ ਦੇਖਿਆ। ਮੁਨੀਮ ਦੇ ਅਚਾਨਕ ਬਿਮਾਰ ਹੋ ਜਾਣ ਕਰਕੇ ਕਾਕਾ ਦੀ ਉਥੇ ਹਾਜ਼ਰੀ ਬਹੁਤ ਜ਼ਰੂਰੀ ਹੋ ਗਈ ਸੀ। ਸੇਠ ਨੇ ਸ਼ਿਰਡੀ ਜਿਹੜੀ ਚਿੱਠੀ ਕਾਕਾ ਦੇ ਲਈ ਭੇਜੀ ਸੀ, ਉਹ ਬੰਬਈ ਦੇ ਪੱਤੇ ਤੇ ਉਨ੍ਹਾਂ ਨੂੰ ਵਾਪਸ ਭੇਜ ਦਿੱਤੀ ਗਈ।

ਭਾਉ ਸਾਹਿਬ ਧੁਮਾਲ

ਹੁਣ ਇਕ ਇਸ ਤੋਂ ਉਲਟ ਕਥਾ ਸੁਣੋ। ਇਕ ਵਾਰੀ ਭਾਉ ਸਾਹਿਬ ਧੁਮਾਲ ਇਕ ਮੁਕੱਦਮੇ ਦੇ ਸਿਲਸਿਲੇ ਵਿਚ ਨਿਫਾੜ ਦੀ ਕਚਹਿਰੀ ਜਾ ਰਹੇ ਸੀ। ਰਾਹ ਵਿਚ ਉਹ ਸ਼ਿਰਡੀ ਉਤਰੇ। ਉਨ੍ਹਾਂ ਨੇ ਬਾਬਾ ਦੇ ਦਰਸ਼ਨ ਕੀਤੇ ਅਤੇ ਉਸੇ ਵੇਲੇ ਹੀ ਨਿਫਾੜ ਰਵਾਨਾ ਹੋਣ ਲੱਗੇ, ਪਰ ਬਾਬਾ ਦੀ ਮਨਜ਼ੂਰੀ ਨਾ ਮਿਲੀ। ਬਾਬਾ ਨੇ ਉਨ੍ਹਾਂ ਨੂੰ ਸ਼ਿਰਡੀ ਵਿਚ ਇਕ ਹਫ਼ਤਾ ਹੋਰ ਰੋਕ ਲਿਆ। ਇਸੇ ਦੌਰਾਨ ਨਿਫਾੜ ਦੇ ਜੱਜ ਪੇਟ-ਦਰਦ ਨਾਲ ਬਿਮਾਰ ਹੋ ਗਏ। ਇਸ ਕਰਕੇ ਉਨ੍ਹਾਂ ਦਾ ਮੁਕੱਦਮਾ ਕਿਸੇ ਅਗਲੇ ਦਿਨ ਲਈ ਵਧਾ ਦਿੱਤਾ ਗਿਆ। ਇਕ ਹਫ਼ਤੇ ਬਾਅਦ ਭਾਉ ਸਾਹਿਬ ਨੂੰ ਵਾਪਸ ਜਾਣ ਦੀ ਆਗਿਆ ਮਿਲੀ। ਇਸ ਮਾਮਲੇ ਦੀ ਸੁਣਵਾਈ ਮਹੀਨਿਆਂ ਤਕ ਅਤੇ ਚਾਰ ਜੱਜਾਂ ਕੋਲ ਹੋਈ। ਆਖ਼ੀਰ ਵਿਚ ਧੁਮਾਲ ਨੇ ਮੁਕੱਦਮੇ ਵਿਚ ਸਫ਼ਲਤਾ ਪ੍ਰਾਪਤ ਕੀਤੀ ਅਤੇ ਉਨ੍ਹਾਂ ਦਾ ਮੁਵਕਿਲ ਮਾਮਲੇ ਵਿਚ ਬਰੀ ਹੋ ਗਿਆ।

ਸ੍ਰੀਮਤੀ ਨਿਮੋਣਕਰ

ਸ੍ਰੀ ਨਾਨਾਸਾਹਿਬ ਨਿਮੋਣਕਰ, ਜਿਹੜੇ ਨਿਮੋਣ ਦੇ ਨਿਵਾਸੀ ਅਤੇ ਆਨਰੇਰੀ ਜੱਜ ਸੀ, ਸ਼ਿਰਡੀ ਵਿਚ ਆਪਣੀ ਪਤਨੀ ਦੇ ਨਾਲ ਠਹਿਰੇ ਹੋਏ ਸੀ। ਨਿਮੋਣਕਰ ਅਤੇ ਉਨ੍ਹਾਂ ਦੀ ਪਤਨੀ ਜ਼ਿਆਦਾ ਵਕਤ ਬਾਬਾ ਦੀ ਸੇਵਾ ਅਤੇ ਸੰਗਤ ਵਿਚ ਬਤੀਤ ਕਰਦੇ ਸੀ। ਇਕ ਵਾਰੀ ਇਸ ਤਰ੍ਹਾਂ ਦਾ ਮੌਕਾ ਆਇਆ ਕਿ ਉਨ੍ਹਾਂ ਦਾ ਪੁੱਤਰ ਬੇਲਾਪੁਰ ਵਿਚ ਬਿਮਾਰ ਹੋ ਗਿਆ। ਤਾਂ ਉਸ ਦੀ ਮਾਤਾ ਨੇ ਉਥੇ ਜਾ ਕੇ ਆਪਣੇ ਪੁੱਤਰ ਅਤੇ

ਹੋਰ ਰਿਸ਼ਤੇਦਾਰਾਂ ਨੂੰ ਮਿਲਣ ਅਤੇ ਕੁਝ ਦਿਨ ਉਥੇ ਰਹਿਣ ਦਾ ਇਰਾਦਾ ਕੀਤਾ। ਪਰ ਸ੍ਰੀ ਨਾਨਾਸਾਹਿਬ ਨਿਮੋਣਕਰ ਨੇ ਦੂਸਰੇ ਦਿਨ ਹੀ ਵਾਪਸ ਆਉਣ ਲਈ ਕਿਹਾ। ਉਹ ਦੁਬਿਧਾ ਵਿਚ ਪੈ ਗਈ ਕਿ ਹੁਣ ਕੀ ਕਰਨਾ ਚਾਹੀਦਾ ਹੈ ? ਪਰ ਬਾਬਾ ਨੇ ਮਦਦ ਕੀਤੀ। ਸ਼ਿਰਡੀ ਤੋਂ ਰਵਾਨਾ ਹੋਣ ਤੋਂ ਪਹਿਲਾਂ ਉਹ ਬਾਬਾ ਕੋਲ ਗਈ। ਬਾਬਾ ਸਾਠੇਵਾੜਾ ਦੇ ਨੇੜੇ ਨਾਨਾਸਾਹਿਬ ਅਤੇ ਹੋਰ ਲੋਕਾਂ ਦੇ ਨਾਲ ਖੜੇ ਹੋਏ ਸੀ। ਉਨ੍ਹਾਂ ਨੇ ਜਾ ਕੇ ਚਰਣ ਛੂਹੇ ਅਤੇ ਜਾਣ ਦੀ ਆਗਿਆ ਮੰਗੀ। ਬਾਬਾ ਨੇ ਉਨ੍ਹਾਂ ਨੂੰ ਕਿਹਾ, "ਜਲਦੀ ਜਾਉ, ਘਬਰਾਉ ਨਾ, ਸ਼ਾਂਤੀ ਨਾਲ ਬੇਲਾਪੁਰ ਵਿਚ ਚਾਰ ਦਿਨ ਸੁੱਖ ਨਾਲ ਰਹਿ ਕੇ ਸਾਰੇ ਰਿਸ਼ਤੇਦਾਰਾਂ ਨੂੰ ਮਿਲੋ ਅਤੇ ਫੇਰ ਸ਼ਿਰਡੀ ਆ ਜਾਣਾ।" ਬਾਬਾ ਦੇ ਸ਼ਬਦ ਕਿੰਨੇ ਮੌਕੇ ਮੁਤਾਬਿਕ ਸਨ। ਸ੍ਰੀ ਨਿਮੋਣਕਰ ਦੀ ਆਗਿਆ ਬਾਬਾ ਵੱਲੋਂ ਰੱਦ ਹੋ ਗਈ।

ਨਾਸਿਕ ਦੇ ਮੁਲੇ ਸ਼ਾਸ਼ਤਰੀ ਜੋਤਸ਼ੀ

ਨਾਸਿਕ ਦੇ ਇਕ ਉੱਦਮੀ ਅਗਨੀਹੋਤਰੀ ਬ੍ਰਾਹਮਣ ਸੀ, ਜਿਨ੍ਹਾਂ ਦਾ ਨਾਂਅ ਮੁਲੇ ਸ਼ਾਸ਼ਤਰੀ ਸੀ। ਉਨ੍ਹਾਂ ਨੇ ਛੇ ਸ਼ਾਸ਼ਤਰਾਂ ਦਾ ਅਧਿਅਨ ਕੀਤਾ ਸੀ ਅਤੇ ਜੋਤਿਸ਼ ਅਤੇ ਸਮੁੰਦਰੀ ਸ਼ਾਸ਼ਤਰ ਵਿਚ ਵੀ ਨਿਪੁੰਨ ਸੀ। ਇਕ ਵਾਰੀ ਉਹ ਨਾਗਪੁਰ ਦੇ ਪ੍ਰਸਿੱਧ ਕਰੋੜਪਤੀ ਸ੍ਰੀ ਬਾਪੂ ਸਾਹਿਬ ਬੂਟੀ ਨੂੰ ਮਿਲਣ ਤੋਂ ਬਾਅਦ ਹੋਰ ਸੱਜਣਾਂ ਦੇ ਨਾਲ ਬਾਬਾ ਦੇ ਦਰਸ਼ਨ ਕਰਨ ਲਈ ਮਸਜਿਦ ਵਿਚ ਆਏ। ਬਾਬਾ ਨੇ ਫਲ ਵੇਚਣ ਵਾਲੇ ਕੋਲੋਂ ਕਈ ਤਰ੍ਹਾਂ ਦੇ ਫਲ ਅਤੇ ਹੋਰ ਚੀਜ਼ਾਂ ਖ਼ਰੀਦੀਆਂ ਅਤੇ ਮਸਜਿਦ ਵਿਚ ਹਾਜ਼ਰ ਲੋਕਾਂ ਵਿਚ ਵੰਡ ਦਿੱਤੀਆਂ। ਬਾਬਾ ਅੰਬ ਨੂੰ ਏਨੀ ਸਫ਼ਾਈ ਨਾਲ ਚਾਰੋਂ ਪਾਸਿਉਂ ਦੱਬ ਦਿੰਦੇ ਸੀ ਕਿ ਚੂਸਦੇ ਹੀ ਸਾਰਾ ਰਸ ਮੂੰਹ ਵਿਚ ਆ ਜਾਂਦਾ ਅਤੇ ਗਿਟਕ ਅਤੇ ਛਿੱਲੜ ਫਟਾਫੱਟ ਸੁੱਟਿਆ ਜਾ ਸਕਦਾ ਸੀ। ਬਾਬਾ ਨੇ ਕੇਲੇ ਛਿੱਲ ਕੇ ਭਗਤਾਂ ਵਿਚ ਵੰਡ ਦਿੱਤੇ ਅਤੇ ਛਿੱਲੜ ਆਪਣੇ ਲਈ ਰੱਖ ਲਏ। ਹੱਥ ਦੀਆਂ ਲਕੀਰਾਂ ਦੇਖਣ ਦੇ ਮਾਹਿਰ ਹੋਣ ਕਰਕੇ, ਮੁਲੇ ਸ਼ਾਸ਼ਤਰੀ ਨੇ ਬਾਬਾ ਦਾ ਹੱਥ ਦੇਖਣ ਦੀ ਬੇਨਤੀ ਕੀਤੀ। ਪਰ ਬਾਬਾ ਨੇ ਉਨ੍ਹਾਂ ਦੀ ਬੇਨਤੀ ਵੱਲ ਕੋਈ ਧਿਆਨ ਨਹੀਂ ਦਿੱਤਾ ਅਤੇ ਉਨ੍ਹਾਂ ਨੂੰ ਚਾਰ ਕੇਲੇ ਦਿੱਤੇ। ਇਸ ਤੋਂ ਬਾਅਦ ਸਾਰੇ ਲੋਕ ਵਾੜੇ ਨੂੰ ਵਾਪਸ ਆ ਗਏ। ਹੁਣ ਮੁਲੇ ਸ਼ਾਸ਼ਤਰੀ ਨੇ ਇਸ਼ਨਾਨ ਕੀਤਾ ਅਤੇ ਪਵਿੱਤਰ ਕੱਪੜੇ ਧਾਰਨ ਕਰਕੇ ਅਗਨੀਹੋਤਰ ਆਦਿ ਵਿਚ ਜੁੱਟ ਗਏ। ਬਾਬਾ ਵੀ ਆਪਣੇ ਨੇਮ ਅਨੁਸਾਰ ਲੇਂਡੀ ਨੂੰ ਰਵਾਨਾ ਹੋ ਗਏ। ਜਾਂਦੇ-ਜਾਂਦੇ ਉਨ੍ਹਾਂ ਨੇ ਕਿਹਾ ਕਿ ਕੁਝ ਗੇਰੂ ਲਿਆਉਣਾ ਅੱਜ ਭਗਵੇਂ ਕੱਪੜੇ ਰੰਗਾਂਗੇ। ਬਾਬਾ ਦੇ ਸ਼ਬਦਾਂ ਦਾ ਮਤਲਬ ਕਿਸੇ ਦੀ ਸਮਝ ਵਿਚ ਨਹੀਂ ਆਇਆ। ਕੁਝ ਦੇਰ ਬਾਅਦ ਬਾਬਾ ਵਾਪਸ ਆਏ। ਹੁਣ ਦੁਪਹਿਰ ਦੀ ਆਰਤੀ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ ਸੀ। ਬਾਪੂ ਸਾਹਿਬ ਜੋਗ ਨੇ ਮੁਲੇ ਨੂੰ ਆਰਤੀ ਵਿਚ ਨਾਲ ਜਾਣ ਲਈ ਪੁੱਛਿਆ। ਉਨ੍ਹਾਂ ਜਵਾਬ ਦਿੱਤਾ ਕਿ ਉਹ ਸ਼ਾਮ ਵੇਲੇ ਬਾਬਾ ਦੇ ਦਰਸ਼ਨਾਂ ਨੂੰ ਜਾਣਗੇ। ਤਾਂ ਜੋਗ ਇਕੱਲੇ ਹੀ ਚਲੇ ਗਏ। ਬਾਬਾ ਦੇ ਆਸਨ ਉੱਪਰ ਬੈਠਦੇ ਹੀ ਭਗਤਾਂ ਨੇ ਉਨ੍ਹਾਂ ਦੀ ਪੂਜਾ ਕੀਤੀ। ਹੁਣ ਆਰਤੀ ਸ਼ੁਰੂ ਹੋ ਗਈ। ਬਾਬਾ ਨੇ ਕਿਹਾ, "ਉਸ ਨਵੇਂ ਬ੍ਰਾਹਮਣ ਕੋਲੋਂ ਕੁਝ ਦਕਸ਼ਿਣਾ ਲਿਆਉ।" ਬੂਟੀ ਆਪ ਦਕਸ਼ਿਣਾ ਲੈਣ ਲਈ ਗਏ

ਅਤੇ ਉਨ੍ਹਾਂ ਨੇ ਬਾਬਾ ਦਾ ਸੁਨੇਹਾ ਮੁਲੇ ਸ਼ਾਸ਼ਤਰੀ ਨੂੰ ਸੁਣਾਇਆ। ਉਹ ਬੁਰੀ ਤਰ੍ਹਾਂ ਘਬਰਾ ਗਏ। ਉਹ ਸੋਚਣ ਲੱਗੇ ਕਿ "ਮੈਂ ਇਕ ਅਗਨੀਹੋਤਰ ਬ੍ਰਾਹਮਣ ਹਾਂ, ਫੇਰ ਮੈਨੂੰ ਦਕਸ਼ਿਣਾ ਦੇਣਾ ਕੀ ਠੀਕ ਹੈ? ਮੰਨਿਆ ਕਿ ਬਾਬਾ ਇਕ ਮਹਾਨ ਸੰਤ ਹਨ, ਪਰ ਮੈਂ ਤਾਂ ਉਨ੍ਹਾਂ ਦਾ ਚੇਲਾ ਨਹੀਂ ਹਾਂ।" ਫੇਰ ਵੀ ਉਨ੍ਹਾਂ ਨੇ ਸੋਚਿਆ ਕਿ ਜਦੋਂ ਬਾਬਾ ਵਰਗੇ ਮਹਾਨ ਸੰਤ ਦਕਸ਼ਿਣਾ ਮੰਗ ਰਹੇ ਹਨ ਅਤੇ ਬੂਟੀ ਵਰਗੇ ਇਕ ਕਰੋੜਪਤੀ ਲੈਣ ਵਾਸਤੇ ਆਏ ਹਨ ਤਾਂ ਉਹ ਮਨ੍ਹਾ ਕਿਸ ਤਰ੍ਹਾਂ ਕਰ ਸਕਦੇ ਹਨ? ਇਸ ਲਈ ਉਹ ਆਪਣਾ ਕਾਰਜ ਵਿਚ ਹੀ ਛੱਡ ਕੇ ਉਸੇ ਵੇਲੇ ਬੂਟੀ ਨਾਲ ਮਸਜਿਦ ਆ ਗਏ। ਉਹ ਆਪਣੇ-ਆਪ ਨੂੰ ਸ਼ੁੱਧ ਅਤੇ ਪਵਿੱਤਰ ਅਤੇ ਮਸਜਿਦ ਨੂੰ ਅਪਵਿੱਤਰ ਸਮਝ ਕੇ, ਕੁਝ ਦੂਰ ਖੜੇ ਹੋ ਗਏ ਅਤੇ ਦੂਰੋਂ ਹੀ ਹੱਥ ਜੋੜ ਕੇ ਉਨ੍ਹਾਂ ਨੇ ਬਾਬਾ ਉੱਪਰ ਫੁੱਲ ਸੁੱਟੇ। ਯਕਦਮ ਉਨ੍ਹਾਂ ਨੇ ਦੇਖਿਆ ਕਿ ਬਾਬਾ ਦੇ ਆਸਨ ਉੱਪਰ ਉਨ੍ਹਾਂ ਦੇ ਕੈਲਾਸ਼ਵਾਸੀ ਗੁਰੂ ਘੋਲਪ ਸਵਾਮੀ ਬਿਰਾਜਮਾਨ ਹਨ। ਆਪਣੇ ਗੁਰੂ ਨੂੰ ਉਥੇ ਦੇਖ ਕੇ ਉਨ੍ਹਾਂ ਨੂੰ ਬਹੁਤ ਹੈਰਾਨੀ ਹੋਈ। ਕਿਤੇ ਇਹ ਸੁਪਨਾ ਤਾਂ ਨਹੀਂ ਹੈ? ਨਹੀਂ! ਨਹੀਂ! ਇਹ ਸੁਪਨਾ ਨਹੀਂ ਹੈ। ਮੈਂ ਪੂਰਾ ਜਾਗ ਰਿਹਾ ਹਾਂ। ਪਰ ਜਾਗਦੇ ਹੁੰਦੇ ਹੋਏ ਵੀ, ਮੇਰੇ ਗੁਰੂ ਮਹਾਰਾਜ ਇਥੇ ਕਿਸ ਤਰ੍ਹਾਂ ਆ ਪਹੁੰਚੇ? ਕੁਝ ਦੇਰ ਉਨ੍ਹਾਂ ਦੇ ਮੂੰਹ ਵਿਚੋਂ ਇਕ ਵੀ ਸ਼ਬਦ ਨਹੀਂ ਨਿਕਲਿਆ। ਉਨ੍ਹਾਂ ਨੇ ਆਪਣੇ ਚੁੰਢੀ ਵੱਢੀ ਅਤੇ ਫੇਰ ਵਿਚਾਰ ਕੀਤਾ। ਪਰ ਉਹ ਫ਼ੈਸਲਾ ਨਹੀਂ ਕਰ ਸਕੇ ਕਿ ਕੈਲਾਸ਼ਵਾਸੀ ਗੁਰੂ ਘੋਲਪ ਸਵਾਮੀ ਮਸਜਿਦ ਵਿਚ ਕਿਸ ਤਰ੍ਹਾਂ ਆ ਪਹੁੰਚੇ? ਫੇਰ ਸਾਰੇ ਸ਼ੱਕ ਦੂਰ ਕਰਕੇ ਉਹ ਅੱਗੇ ਵਧੇ ਅਤੇ ਗੁਰੂ ਦੇ ਚਰਣਾਂ 'ਤੇ ਡਿੱਗ ਕੇ ਹੱਥ ਜੋੜ ਕੇ ਉਸਤਤੀ ਕਰਨ ਲੱਗੇ। ਦੂਸਰੇ ਭਗਤ ਤਾਂ ਬਾਬਾ ਦੀ ਆਰਤੀ ਗਾ ਰਹੇ ਸਨ, ਪਰ ਮੁਲੇ ਸ਼ਾਸ਼ਤਰੀ ਆਪਣੇ ਗੁਰੂ ਦੇ ਨਾਂਅ ਦਾ ਹੀ ਉੱਚੀ ਆਵਾਜ਼ 'ਚ ਜਾਪ ਕਰ ਰਹੇ ਸੀ। ਫੇਰ ਸਾਰੇ ਜਾਤ-ਪਾਤ ਦਾ ਹੰਕਾਰ ਅਤੇ ਪਵਿੱਤਰਤਾ-ਅਪਵਿੱਤਰਤਾ ਦੀ ਕਲਪਨਾ ਤਿਆਗ ਕੇ ਉਹ ਗੁਰੂ ਦੇ ਸ੍ਰੀ ਚਰਣਾਂ 'ਤੇ ਫੇਰ ਡਿੱਗ ਪਏ। ਉਨ੍ਹਾਂ ਨੇ ਅੱਖਾਂ ਬੰਦ ਕਰ ਲਈਆਂ ਪਰ ਜਦੋਂ ਖੜੇ ਹੋ ਕੇ ਉਨ੍ਹਾਂ ਨੇ ਅੱਖਾਂ ਖੋਲ੍ਹੀਆਂ ਤਾਂ ਬਾਬਾ ਨੂੰ ਦਕਸ਼ਿਣਾ ਮੰਗਦੇ ਹੋਏ ਦੇਖਿਆ। ਬਾਬਾ ਦਾ ਆਨੰਦਮਈ ਰੂਪ ਅਤੇ ਉਨ੍ਹਾਂ ਦੀ ਅਕੱਥ ਸ਼ਕਤੀ ਦੇਖ ਕੇ ਮੁਲੇ ਸ਼ਾਸ਼ਤਰੀ ਨੂੰ ਆਪਣਾ ਆਪ ਭੁੱਲ ਗਿਆ। ਉਨ੍ਹਾਂ ਦੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਉਨ੍ਹਾਂ ਦੀਆਂ ਅੱਖਾ ਅੱਥਰੂਆਂ ਨਾਲ ਭਰੀਆਂ ਹੁੰਦੇ ਹੋਏ ਵੀ ਖੁਸ਼ੀ ਨਾਲ ਨੱਚ ਰਹੀਆਂ ਸਨ। ਉਨ੍ਹਾਂ ਨੇ ਬਾਬਾ ਨੂੰ ਫੇਰ ਨਮਸਕਾਰ ਕੀਤੀ ਅਤੇ ਦਕਸ਼ਿਣਾ ਦਿੱਤੀ। ਮੁਲੇ ਸ਼ਾਸ਼ਤਰੀ ਕਹਿਣ ਲੱਗੇ ਕਿ "ਮੇਰੇ ਸਾਰੇ ਸ਼ੱਕ ਦੂਰ ਹੋ ਗਏ। ਅੱਜ ਮੈਨੂੰ ਆਪਣੇ ਗੁਰੂ ਦੇ ਦਰਸ਼ਨ ਹੋ ਗਏ।" "ਗੇਰੂ ਲਿਆਉ, ਅੱਜ ਭਗਵੇਂ ਕੱਪੜੇ ਰੰਗਾਂਗੇ"—ਬਾਬਾ ਦੇ ਇਨ੍ਹਾਂ ਸ਼ਬਦਾਂ ਦਾ ਮਤਲਬ ਸਾਰਿਆਂ ਦੀ ਸਮਝ ਵਿਚ ਆ ਗਿਆ। ਇਸ ਤਰ੍ਹਾਂ ਦੀ ਅਜੀਬ ਲੀਲ੍ਹਾ ਸਾਈਂ ਬਾਬਾ ਦੀ ਸੀ।

ਡਾਕਟਰ

ਇਕ ਵਾਰੀ ਇਕ ਮਾਮਲੇਦਾਰ ਆਪਣੇ ਇਕ ਡਾਕਟਰ ਦੋਸਤ ਦੇ ਨਾਲ ਸ਼ਿਰਡੀ ਪਧਾਰੇ ਡਾਕਟਰ ਦਾ ਕਹਿਣਾ ਸੀ ਕਿ ਮੇਰੇ ਗੁਰੂ ਸ੍ਰੀ ਰਾਮ ਹਨ। ਮੈਂ ਕਿਸੇ ਯਵਨ ਅੱਗੇ ਸਿਰ ਨਹੀਂ ਝੁਕਾਵਾਂਗਾ। ਇਸ ਲਈ ਸ਼ਿਰਡੀ

ਜਾਣ ਲਈ ਤਿਆਰ ਨਹੀਂ ਸੀ। ਮਾਮਲੇਦਾਰ ਨੇ ਸਮਝਾਇਆ ਕਿ "ਤੈਨੂੰ ਨਮਨ ਕਰਨ ਲਈ ਕੋਈ ਮਜਬੂਰ ਨਹੀਂ ਕਰੇਗਾ ਅਤੇ ਨਾ ਹੀ ਕੋਈ ਇਸ ਤਰ੍ਹਾਂ ਕਰਨ ਲਈ ਆਖੇਗਾ। ਇਸ ਲਈ ਮੇਰੇ ਨਾਲ ਚੱਲੋ, ਖੁਸ਼ੀ ਮਿਲੇਗੀ।" ਉਹ ਸ਼ਿਰਡੀ ਪਹੁੰਚੇ ਅਤੇ ਬਾਬਾ ਦੇ ਦਰਸ਼ਨਾਂ ਲਈ ਗਏ। ਪਰ ਡਾਕਟਰ ਨੂੰ ਹੀ ਸਭ ਤੋਂ ਅੱਗੇ ਜਾਂਦੇ ਦੇਖ ਅਤੇ ਬਾਬਾ ਦੀ ਸਾਰਿਆਂ ਨਾਲੋਂ ਪਹਿਲਾਂ ਚਰਣ-ਵੰਦਨਾ ਕਰਦੇ ਦੇਖ ਸਾਰਿਆਂ ਨੂੰ ਬੜੀ ਹੈਰਾਨੀ ਹੋਈ। ਲੋਕਾਂ ਨੇ ਡਾਕਟਰ ਨੂੰ ਆਪਣਾ ਫ਼ੈਸਲਾ ਬਦਲਣ ਅਤੇ ਇਸ ਤਰ੍ਹਾਂ ਇਕ ਯਵਨ ਨੂੰ ਦੰਡਵਤ ਕਰਨ ਦਾ ਕਾਰਨ ਪੁੱਛਿਆ। ਡਾਕਟਰ ਨੇ ਦੱਸਿਆ ਕਿ ਬਾਬਾ ਦੀ ਜਗ੍ਹਾ 'ਤੇ ਉਸ ਨੂੰ ਆਪਣੇ ਭਗਵਾਨ ਸ੍ਰੀ ਰਾਮ ਦੇ ਦਰਸ਼ਨ ਹੋਏ ਅਤੇ ਇਸ ਲਈ ਉਨ੍ਹਾਂ ਨੇ ਨਮਸਕਾਰ ਕੀਤਾ। ਜਦੋਂ ਉਹ ਇਹ ਕਹਿ ਹੀ ਰਹੇ ਸੀ, ਤਾਂ ਉਨ੍ਹਾਂ ਨੂੰ ਸਾਈਂ ਬਾਬਾ ਦਾ ਰੂਪ ਫੇਰ ਦਿਸਣ ਲੱਗਾ। ਉਹ ਹੈਰਾਨ ਹੋ ਕੇ ਬੋਲੇ—"ਕੀ ਇਹ ਸੁਪਨਾ ਹੈ? ਇਹ ਯਵਨ ਕਿਸ ਤਰ੍ਹਾਂ ਹੋ ਸਕਦੇ ਹਨ? ਅਰੇ! ਅਰੇ! ਇਹ ਤਾਂ ਪੂਰਨ ਯੋਗ-ਅਵਤਾਰ ਹਨ।" ਦੂਸਰੇ ਦਿਨ ਤੋਂ ਉਨ੍ਹਾਂ ਨੇ ਵਰਤ ਰੱਖਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਪ੍ਰਣ ਕੀਤਾ ਕਿ ਜਦੋਂ ਤੱਕ ਬਾਬਾ ਆਪ ਬੁਲਾ ਕੇ ਆਸ਼ੀਰਵਾਦ ਨਹੀਂ ਦੇਣਗੇ, ਉਦੋਂ ਤਕ ਮਸਜਿਦ ਵਿਚ ਕਦੀ ਨਹੀਂ ਜਾਵਾਂਗਾ। ਇਸ ਤਰ੍ਹਾਂ ਤਿੰਨ ਦਿਨ ਬੀਤ ਗਏ। ਚੌਥੇ ਦਿਨ ਉਨ੍ਹਾਂ ਦਾ ਇਕ ਖ਼ਾਸ ਦੋਸਤ ਖ਼ਾਨਦੇਸ਼ ਤੋਂ ਸ਼ਿਰਡੀ ਆਇਆ। ਉਹ ਦੋਵੇਂ ਮਸਜਿਦ ਵਿਚ ਬਾਬਾ ਦੇ ਦਰਸ਼ਨ ਕਰਨ ਗਏ। ਨਮਸਕਾਰ ਹੋਣ ਦੇ ਮਗਰੋਂ ਬਾਬਾ ਨੇ ਡਾਕਟਰ ਨੂੰ ਪੁੱਛਿਆ, "ਤੁਹਾਨੂੰ ਬੁਲਾਉਣ ਦੀ ਤਕਲੀਫ਼ ਕਿਸਨੇ ਕੀਤੀ? ਤੁਸੀਂ ਇਥੇ ਕਿਸ ਤਰ੍ਹਾਂ ਆਏ?" ਇਹ ਸੁਆਲ ਸੁਣ ਕੇ ਡਾਕਟਰ ਭਾਵੁਕ ਹੋ ਗਏ ਅਤੇ ਉਸ ਰਾਤ ਨੂੰ ਬਾਬਾ ਨੇ ਉਨ੍ਹਾਂ ਉੱਪਰ ਕ੍ਰਿਪਾ ਕੀਤੀ। ਡਾਕਟਰ ਨੂੰ ਨੀਂਦ ਵਿਚ ਹੀ ਪਰਮਾਨੰਦ ਦਾ ਅਨੁਭਵ ਹੋਇਆ। ਉਹ ਆਪਣੇ ਸ਼ਹਿਰ ਵਾਪਸ ਆਏ ਤਾਂ ਵੀ ਉਨ੍ਹਾਂ ਨੂੰ 15 ਦਿਨਾਂ ਤਕ ਉਸ ਤਰ੍ਹਾਂ ਹੀ ਮਹਿਸੂਸ ਹੁੰਦਾ ਰਿਹਾ। ਇਸ ਤਰ੍ਹਾਂ ਉਨ੍ਹਾਂ ਦੀ ਸਾਈਂ ਭਗਤੀ ਕਈ ਗੁਣਾਂ ਵੱਧ ਗਈ।

ਇਨ੍ਹਾਂ ਕਥਾਵਾਂ ਦੀ ਸਿੱਖਿਆ, ਖ਼ਾਸ ਕਰਕੇ ਮੁਲੇ ਸ਼ਾਸ਼ਤਰੀ ਦੀ, ਇਹ ਹੀ ਹੈ ਕਿ ਆਪਣੇ ਗੁਰੂ ਵਿਚ ਪੱਕਾ ਵਿਸ਼ਵਾਸ ਹੋਣਾ ਚਾਹੀਦਾ ਹੈ।

ਅਗਲੇ ਅਧਿਆਇ ਵਿਚ ਬਾਬਾ ਦੀਆਂ ਹੋਰ ਲੀਲ੍ਹਾਵਾਂ ਦਾ ਵਰਨਣ ਹੋਵੇਗਾ।

ਸ੍ਰੀ ਸਤਿਗੁਰੂ ਸਾਈਂਨਾਥ ਨੂੰ ਸੀਸ ਝੁਕਾਉ : ਸਾਰੇ ਸੁੱਖ ਸ਼ਾਂਤੀ ਪਾਉ।